ਮਾਤਾ-ਪਿਤਾ ਅਤੇ ਦੇਖਭਾਲ ਪ੍ਰਦਾਤਾਵਾਂ ਲਈ ਜਾਣਕਾਰੀ

BRITISH COLUMBIA

# ਫਾਊਂਡੇਸ਼ਨ ਸਕਿਲਜ਼ ਅਸੈੱਸਮੈਂਟ ਬਾਰੇ ਸਭ ਕੁਝ

## ਫਾਊਂਡੇਸ਼ਨ ਸਕਿਲਜ਼ ਅਸੈੱਸਮੈਂਟ (FSA) ਕੀ ਹੈ?

FSA ਗ੍ਰੇਡ 4 ਅਤੇ 7 ਦੇ ਸਾਰੇ ਵਿਦਿਆਰਥੀਆਂ ਲਈ ਸਿੱਖਣ ਦਾ ਮੁਲਾਂਕਣ ਹੈ। ਇਹ **ਸਾਖਰਤਾ** ਅਤੇ **ਨੰਬਰ ਵਰਤਣ ਅਤੇ ਸਮਝਣ ਦੀ ਯੋਗਤਾ (Numeracy)** `ਤੇ ਕੇਂਦਰਿਤ ਹੁੰਦਾ ਹੈ।

FSA ਦੇ ਨਤੀਜੇ ਇਕ ਤਰੀਕਾ ਹੈ ਜਿਸ ਰਾਹੀਂ ਮਾਪਿਆ ਜਾਂਦਾ ਹੈ ਕਿ ਇੰਨ੍ਹਾਂ ਪ੍ਰਮੁੱਖ ਖੇਤਰਾਂ ਵਿੱਚ ਵਿਦਿਆ ਪ੍ਰਣਾਲੀ ਕਿਵੇਂ ਕੰਮ ਕਰ ਰਹੀ ਹੈ। ਇਸ ਰਾਹੀਂ ਮਾਪਿਆ ਜਾਂਦਾ ਹੈ ਕਿ ਵਿਦਿਆਰਥੀ ਕਿਵੇਂ ਸੋਚਦੇ, ਸੰਚਾਰ ਕਰਦੇ ਅਤੇ ਫਿਰ ਪੇਸ਼ *(ਪ੍ਰਤੀਬਿੰਬਤ)* ਕਰਦੇ ਹਨ - ਨਾ ਕਿ ਸਿਰਫ ਉਹ ਤੱਥ ਹੀ ਮਾਪੇ ਜਾਂਦੇ ਹਨ ਜੋ ਉਹ ਜਾਣਦੇ ਹਨ।

FSA ਦੀ ਵਰਤੋਂ ਕਰਨ ਦਾ ਮਕਸਦ ਵਿਦਿਆਰਥੀਆਂ, ਅਧਿਆਪਕਾਂ ਜਾਂ ਸਕੂਲਾਂ ਦੀ ਦਰਜਾਬੰਦੀ ਕਰਨਾ ਨਹੀਂ ਹੈ। FSA ਵਿਦਿਆਰਥੀ ਸਾਖਰਤਾ ਦੇ ਇੱਕ ਪਲ ਦੀ ਝਲਕ ਹੈ। ਇਹ ਮਾਤਾ-ਪਿਤਾ ਅਤੇ ਦੇਖਭਾਲ ਪ੍ਰਦਾਤਾਵਾਂ ਨੂੰ ਦੱਸਦਾ ਹੈ ਕਿ ਉਨ੍ਹਾਂ ਦਾ ਬੱਚਾ ਸਾਖਰਤਾ ਅਤੇ ਨੰਬਰ ਵਰਤਣ ਅਤੇ ਸਮਝਣ ਦੀ ਯੋਗਤਾ ਦੇ ਵਿਕਾਸ ਵਿੱਚ ਕਿੱਥੇ ਕੁ ਹੈ ਅਤੇ ਕਿਨ੍ਹਾਂ ਖੇਤਰਾਂ ਵਿੱਚ ਉਨ੍ਹਾਂ ਨੂੰ ਮਦਦ ਦੀ ਲੋੜ ਹੋ ਸਕਦੀ ਹੈ। ਜਦੋਂ ਸਾਰੇ ਵਿਦਿਆਰਥੀ ਇਸ ਵਿੱਚ ਭਾਗ ਲੈਂਦੇ ਹਨ ਤਾਂ ਇਸ ਨਾਲ਼ ਮਨਿਸਟਰੀ ਔਫ ਐਜੂਕੇਸ਼ਨ ਐਂਡ ਚਾਇਲਡ ਕੇਅਰ ਨੂੰ ਇੱਕ ਮੁਕੰਮਲ ਤਸਵੀਰ ਪੇਸ਼ ਹੁੰਦੀ ਹੈ ਕਿ ਸਿੱਖਿਆ ਪ੍ਰਣਾਲ਼ੀ ਸਮੁੱਚੇ ਰੂਪ ਵਿੱਚ ਕਿਵੇਂ ਕੰਮ ਕਰ ਰਹੀ ਹੈ।

## FSA ਮਹੱਤਵਪੂਰਨ ਕਿਉਂ ਹੈ?

ਮਨਿਸਟਰੀ ਔਫ ਐਜੂਕੇਸ਼ਨ ਐਂਡ ਚਾਇਲਡ ਕੇਅਰ ਇਹ ਮਿਆਰ ਤੈਅ ਕਰਦੀ ਹੈ ਕਿ ਤੁਹਾਡਾ ਬੱਚਾ ਕੀ ਸਿੱਖਦਾ ਹੈ ਅਤੇ ਅਧਿਆਪਕਾਂ ਦੇ ਸਹਿਯੋਗ ਨਾਲ਼ ਇਹ ਮਾਪਣ ਦੇ ਤਰੀਕੇ ਲੱਭਦੀ ਹੈ ਕਿ ਬੱਚੇ ਕਿੰਨਾ ਕੁ ਵਧੀਆ ਤਰੀਕੇ ਨਾਲ਼ ਸਿੱਖ ਰਹੇ ਹਨ।
ਟੀਚਾ ਇਹ ਹੈ ਤੁਹਾਡੇ ਬੱਚੇ (ਅਤੇ ਬੀਸੀ ਦੇ ਹਰ ਵਿਦਿਆਰਥੀਆਂ) ਨੂੰ ਅਜਿਹੀ ਮਹੱਤਵਪੂਰਨ ਵਿੱਦਿਆ ਹਾਸਲ ਹੋਵੇ ਜੋ ਉਨ੍ਹਾਂ ਨੂੰ ਗ੍ਰੈਜੂਏਸ਼ਨ ਹੋਣ ਤੋਂ ਬਾਅਦ ਦੀ ਜ਼ਿੰਦਗੀ ਲਈ ਤਿਆਰ ਕਰੇ ਅਤੇ ਪੜ੍ਹੇ-ਲਿਖੇ ਹੋਏ ਸ਼ਹਿਰੀ ਬਣਨ ਵਿੱਚ ਉਨ੍ਹਾਂ ਦੀ ਮਦਦ ਕਰੇ।

FSA ਇੱਕ ਤਰੀਕਾ ਹੈ ਜਿਸ ਰਾਹੀਂ ਮੰਤਰਾਲਾ ਵਿਦਿਆਰਥੀ ਸਾਖਰਤਾ ਦੀ ਉੱਤਮਤਾ ਨੂੰ ਯਕੀਨੀ ਬਣਾਉਂਦਾ ਹੈ। FSA ਸੂਬੇ ਭਰ ਵਿਚਲੀ ਸਾਖਰਤਾ ਦੀ ਸਥਿਤੀ ਨੂੰ ਸਮਝਣ ਵਿੱਚ ਸਾਡੀ ਮਦਦ ਕਰਦਾ ਹੈ। ਇਹ ਸਾਨੂੰ ਵੇਖਣ ਦਾ ਮੌਕਾ ਦਿੰਦਾ ਹੈ ਕਿ ਵਿਦਿਆਰਥੀਆਂ ਦੇ ਵੱਖ ਵੱਖ ਗਰੁੱਪ ਕਿਵੇਂ ਸਿੱਖ ਰਹੇ ਹਨ ਅਤੇ ਇਹ ਜਾਨਣ ਵਿੱਚ ਵੀ ਮਦਦ ਕਰਦਾ ਹੈ ਕਿ ਉਨ੍ਹਾਂ ਨੂੰ ਕਿਥੇ ਵੱਧ ਮਦਦ ਦੀ ਲੋੜ ਹੋ ਸਕਦੀ ਹੈ। ਇਹ ਸਾਨੂੰ ਇਹ ਸਮਝਣ ਵਿੱਚ ਵੀ ਮਦਦ ਕਰਦਾ ਹੈ ਕਿ ਬੀ ਸੀ ਸਮੇਂ ਦੇ ਨਾਲ ਕਿੰਨਾ ਵਧੀਆ ਕੰਮ ਕਰ ਰਿਹਾ ਹੈ।

ਮੰਤਰਾਲੇ ਵੱਲੋਂ ਇਸ ਜਾਣਕਾਰੀ ਦੀ ਵਰਤੋਂ ਇਹ ਯਕੀਨੀ ਬਣਾਉਣ ਲਈ ਕੀਤੀ ਜਾਂਦੀ ਹੈ ਕਿ ਤੁਹਾਡੇ ਬੱਚੇ ਦੀ ਸਾਖਰਤਾ "ਸਹੀ ਰਸਤੇ" `ਤੇ ਹੈ ਅਤੇ ਇਹ ਕਿ ਉਹ ਪਿੱਛੇ ਨਹੀਂ ਰਹਿ ਜਾਂਦੇ। ਇਹ ਡੇਟਾ ਸਾਨੂੰ ਇਹ ਜਾਣਣ ਵਿੱਚ ਵੀ ਮਦਦ ਕਰਦਾ ਹੈ ਕਿ ਬੀਸੀ ਦੇ ਵਿਦਿਆਰਥੀ ਕੈਨੇਡਾ ਦੇ ਦੂਸਰੇ ਸੂਬਿਆਂ ਦੇ ਮੁਕਾਬਲੇ ਅਤੇ ਦੁਨੀਆਂ ਭਰ ਦੇ ਮੁਕਾਬਲੇ ਕਿਵੇਂ ਕਰ ਰਹੇ ਹਨ। FSA, ਮੰਤਰਾਲੇ ਅਤੇ ਮਾਤਾ-ਪਿਤਾ ਅਤੇ ਦੇਖਭਾਲ ਪ੍ਰਦਾਤਾਵਾਂ ਦੋਵਾਂ ਨੂੰ ਇਹ ਵਿਸ਼ਵਾਸ ਵੀ ਦਿਵਉਂਦਾ ਹੈ ਕਿ ਵਿਦਿਆਰਥੀਆਂ ਕੋਲ ਸਾਖਰਤਾ ਅਤੇ ਨੰਬਰ ਵਰਤਣ ਅਤੇ ਸਮਝਣ ਦੀ ਯੋਗਤਾ ਦੇ ਉਹ ਹੁਨਰ ਹਨ ਜੋ ਉਨ੍ਹਾਂ ਦੇ ਭਵਿੱਖ ਲਈ ਜ਼ਰੂਰੀ ਹਨ।

**ਸਾਖਰਤਾ** ਤੁਹਾਡੇ ਬੱਚੇ ਦੀ ਭਾਸ਼ਾ ਨੂੰ ਸਮਝਣ ਅਤੇ ਵੱਖ ਵੱਖ ਤਰੀਕਿਆਂ ਨਾਲ਼ ਸੰਚਾਰ ਕਰ ਸਕਣ ਦੀ ਸਮਰੱਥਾ ਹੈ।

**ਨੰਬਰ ਵਰਤਣ ਅਤੇ ਸਮਝਣ ਦੀ ਯੋਗਤਾ (Numeracy)** ਤੁਹਾਡੇ ਬੱਚੇ ਦੀ ਹਿਸਾਬ ਦੇ ਮਹੱਤਵਪੂਰਨ ਹੁਨਰਾਂ ਨੂੰ ਵਰਤਣ, ਮੁਸ਼ਕਲਾਂ ਹੱਲ ਕਰਨ, ਅਤੇ ਹੱਲਾਂ ਦੇ ਸੰਚਾਰ ਦੀ ਸਮਰੱਥਾ ਹੈ।

## FSA:

- ਉੱਚ-ਦਰਜੇ ਦਾ ਮੁਲਾਂਕਣ **ਨਹੀਂ** ਹੈ।
- ਵਿਦਿਆਰਥੀਆਂ, ਅਧਿਆਪਕਾਂ ਜਾਂ ਸਕੂਲਾਂ ਦੀ ਦਰਜਾਬੰਦੀ (ranking) ਕਰਨ ਦੇ ਮਕਸਦ ਲਈ **ਨਹੀਂ** ਹੈ।
- ਵਿਦਿਆਰਥੀਆਂ ਦੇ ਨੰਬਰਾਂ ਜਾਂ ਰਿਪੋਰਟ ਕਾਰਡ `ਤੇ ਅਸਰ **ਨਹੀਂ** ਕਰਦਾ।
- ਵਿਦਿਆਰਥੀ ਸਿੱਖਿਆ ਪ੍ਰਤੀ ਮੁੱਲਵਾਨ ਜਾਣਕਾਰੀ ਪ੍ਰਦਾਨ ਕਰਦਾ ਹੈ।
- ਯਕੀਨੀ ਬਣਾਉਂਦਾ ਹੈ ਕਿ ਸਾਰੇ ਵਿਦਿਆਰਥੀ ਸਾਖਰਤਾ ਅਤੇ ਨੰਬਰ ਵਰਤਣ ਅਤੇ ਸਮਝਣ ਦੀ ਯੋਗਤਾ ਵਿੱਚ ਮਜਬੂਤ ਬੁਨਿਆਦ ਵਿਕਸਤ ਕਰ ਰਹੇ ਹਨ।
- ਬੀਸੀ ਦੀ ਸਿੱਖਿਆ ਪ੍ਰਣਾਲ਼ੀ ਵਿੱਚ ਸੁਧਾਰਾਂ ਲਈ ਮਾਰਗਦਰਸ਼ਨ ਕਰਦਾ ਹੈ।

# ਮਾਤਾ- ਪਿਤਾ ਅਤੇ ਦੇਖਭਾਲ ਪ੍ਰਦਾਤਾਵਾਂ ਲਈ ਜਾਣਕਾਰੀ

BRITISH COLUMBIA

## ਤੁਹਾਡਾ ਬੱਚ ਕਿਵੇਂ ਭਾਗ ਲਵੇਗਾ?

ਤੁਹਾਡੇ ਬੱਚੇਂ ਵੱਲੋਂ ਕਲਾਸਰੂਮ ਵਿੱਚ ਰੋਜ਼ਾਨਾ ਸਿੱਖਿਆ ਦੇ ਹਿੱਸੇ ਵਜੋਂ ਹੀ FSA ਮੁਕੰਮਲ ਕੀਤਾ ਜਾਵੇਗਾ। ਤੁਹਾਡੇ ਬੱਚੇ ਨੂੰ ਮੁਲਾਂਕਣ ਦੀ ਤਿਆਰੀ ਕਰਨ ਦੀ ਲੋੜ ਨਹੀਂ। FSA ਦੇ ਪੰਜ ਭਾਗ ਹਨ ਜੋ ਤੁਹਾਡੇ ਬੱਚੇ ਦੇ ਗ੍ਰੇਡ 4 ਅਤੇ 7 ਦੇ ਸਕੂਲ ਸਾਲ ਦੀ ਫੌਲ ਦੌਰਾਨ ਕਈ ਦਿਨਾਂ ਜਾਂ ਹਫ਼ਤਿਆਂ ਤੱਕ ਫੈਲਾਏ ਜਾ ਸਕਦੇ ਹਨ। ਮੁਲਾਂਕਣ ਦਾ ਹਰ ਭਾਗ ਕਦੇ ਵੀ ਇੱਕ ਘੰਟੇ ਤੋਂ ਲੰਮਾ ਨਹੀਂ ਹੋਵੇਗਾ, ਇਸ ਲਈ ਇਹ ਬੱਚੇ ਨੂੰ ਜ਼ਿਆਦਾ ਸਮੇਂ ਲਈ ਕਲਾਸਰੂਮ ਸਿਖਲਾਈ ਤੋਂ ਬਾਹਰ ਨਹੀਂ ਰੱਖੇਗਾ। ਹੇਠਾਂ ਵੇਰਵਾ ਦਿੱਤਾ ਗਿਆ ਹੈ ਕਿ ਤੁਹਾਡਾ ਬੱਚਾ ਕੀ ਆਸ ਕਰ ਸਕਦਾ ਹੈ:

| ਭਾਗ | ਵਰਣਨ | ਸਮਾਂ |
|---|---|---|
| **ਪੇਪਰ-ਆਧਾਰਿਤ ਸਾਖਰਤਾ ਕਾਰਜ** | ਇੱਕ ਸਹਿਯੋਗੀ ਗਤੀਵਿਧੀ ਅਤੇ 3 ਲਿਖਤੀ ਜਵਾਬਾਂ ਵਾਲੇ ਸਵਾਲ | 60 ਮਿੰਟ |
| **ਔਨਲਾਈਨ ਸਾਖਰਤਾ ਕਾਰਜ** | 30 ਸਵਾਲ | 60 ਮਿੰਟ |
| **ਨੰਬਰ ਵਰਤਣ ਅਤੇ ਸਮਝਣ ਦੀ ਯੋਗਤਾ ਨਾਲ ਸੰਬੰਧਤ ਪੇਪਰ-ਆਧਾਰਿਤ ਕਾਰਜ** | 3 ਲਿਖਤੀ ਜਵਾਬਾਂ ਵਾਲੇ ਸਵਾਲ ਅਤੇ ਇੱਕ ਸਵੈ-**ਚਿੰਤਨ ਸੰਬੰਧੀ** ਸਵਾਲ | 45 ਮਿੰਟ |
| **ਨੰਬਰ ਵਰਤਣ ਅਤੇ ਸਮਝਣ ਦੀ ਯੋਗਤਾ ਨਾਲ ਸੰਬੰਧਤ ਔਨਲਾਈਨ ਕਾਰਜ** | 30 ਸਵਾਲ | 60 ਮਿੰਟ |
| **ਸਵੈ-ਚਿੰਤਨ** | 1 ਚੋਣਵਾਂ-ਜਵਾਬ ਵਾਲਾ ਸਵਾਲ ਅਤੇ 1 ਲਿਖਤੀ-ਜਵਾਬ ਵਾਲਾ ਸਵਾਲ | 5 ਮਿੰਟ |

ਕੁਝ ਵਿਦਿਆਰਥੀ ਟੈੱਸਟ ਪ੍ਰਤੀ ਘਬਰਾਹਟ ਮਹਿਸੂਸ ਕਰ ਸਕਦੇ ਹਨ। ਘਰ ਵਿੱਚ FSA ਬਾਰੇ ਗੱਲਬਾਤ ਕਰਨ ਨਾਲ਼ ਤੁਹਾਡੇ ਬੱਚੇ ਨੂੰ ਇਸ ਮੁਲਾਂਕਣ ਦੇ ਮਕਸਦ ਨੂੰ ਸਮਝਣ ਵਿੱਚ ਮਦਦ ਹੋ ਸਕਦੀ ਹੈ। ਇਹ ਮੁਲਾਂਕਣ ਲਿਖਣ ਲਈ ਤੁਹਾਡੇ ਬੱਚੇ ਵਿੱਚ ਸਵੈ-ਵਿਸ਼ਵਾਸ ਵਧਾਉਣ ਵਿੱਚ ਵੀ ਸਹਾਇਤਾ ਕਰ ਸਕਦਾ ਹੈ।

ਮਾਰਕ ਕੀਤੇ ਜਾਣ ਤੋਂ ਬਾਅਦ ਤੁਸੀਂ ਆਪਣੇ ਬੱਚੇ ਦਾ ਕਿਤਾਬਚਾ ਵਾਪਸ ਹਾਸਲ ਕਰੋਗੇ। ਸੂਬਾਈ ਨਿਪੁੰਨਤਾ ਸਕੇਲ, ਉਹੀ ਸਕੇਲ ਹੈ ਜੋ ਕਿੰਡਰਗਾਰਟਨ ਤੋਂ ਲੈ ਕੇ ਗ੍ਰੇਡ 9 ਤੱਕ ਦੇ ਰਿਪੋਰਟ ਕਾਰਡਾਂ ਲਈ ਵਰਤਿਆ ਜਾਂਦਾ ਹੈ, ਦੀ ਵਰਤੋਂ ਕਰਦਿਆਂ ਅਧਿਆਪਕਾਂ ਵੱਲੋਂ ਮਾਰਕਿੰਗ ਕੀਤੀ ਜਾਵੇਗੀ। FSA ਲਈ "ਵਿਕਾਸਸ਼ੀਲ" (Developing) ਅਤੇ "ਨਿਪੁੰਨ" (Proficient) ਦੋਹਾਂ ਨੂੰ ਹੀ ਸਕੇਲ `ਤੇ ਇੱਕੋ ਹੀ ਸ਼੍ਰੇਣੀ ਵਿੱਚ ਇਕੱਠਾ ਕਰ ਦਿੱਤਾ ਗਿਆ ਹੈ ਤਾਂ ਕਿ ਤੁਹਾਨੂੰ ਪਤਾ ਲੱਗ ਸਕੇ ਕਿ ਜੇ ਤੁਹਾਡਾ ਬੱਚਾ ਸਾਖਰਤਾ ਅਤੇ ਨੰਬਰ ਵਰਤਣ ਅਤੇ ਸਮਝਣ ਦੀ ਯੋਗਤਾ ਦੀ ਸਿੱਖਿਆ ਵਿੱਚ "ਸਹੀ ਰਾਹ" `ਤੇ ਹੈ ਜਾਂ ਨਹੀਂ।

| ਉੱਭਰ ਰਿਹਾ ਹੈ | ਸਹੀ ਰਾਹ 'ਤੇ | ਵਿਸਤਾਰ ਕਰ ਰਿਹਾ ਹੈ |
|---|---|---|
| ਮਤਲਬ ਕਿ ਤੁਹਾਡਾ ਬੱਚਾ ਉਮੀਦ ਕੀਤੀਆਂ ਜਾਂਦੀਆਂ ਧਾਰਨਾਵਾਂ ਨੂੰ ਸਮਝਣਾ ਸ਼ੁਰੂ ਕਰ ਰਿਹਾ ਹੈ | ਮਤਲਬ ਕਿ ਤੁਹਾਡਾ ਬੱਚਾ ਉਮੀਦ ਕੀਤੀਆਂ ਜਾਂਦੀਆਂ ਧਾਰਨਾਵਾਂ ਨੂੰ ਜ਼ਿਆਦਾਤਰ ਸਮਝਦਾ ਹੈ | ਮਤਲਬ ਕਿ ਤੁਹਾਡਾ ਬੱਚਾ ਆਪਣੀ ਸਿੱਖਿਆ ਨੂੰ ਨਵੇਂ ਅਤੇ ਵੱਖਰੇ ਤਰੀਕਿਆਂ ਨਾਲ ਲਾਗੂ ਕਰਨ ਦੇ ਯੋਗ ਹੈ |

ਅਧਿਆਪਕਾਂ ਦੀਆਂ ਲਿਖਤੀ ਟਿੱਪਣੀਆਂ ਅਤੇ ਰਿਪੋਰਟ ਕਾਰਡ ਵਿੱਚ ਨਿਪੁੰਨਤਾ ਸਕੇਲ ਦੇ ਨਾਲ, FSA ਦੇ ਨਤੀਜੇ ਤੁਹਾਡਾ ਬੱਚਾ ਸਾਖਰਤਾ ਅਤੇ ਨੰਬਰ ਵਰਤਣ ਅਤੇ ਸਮਝਣ ਦੀ ਯੋਗਤਾ ਦੇ ਉਨ੍ਹਾਂ ਦੇ ਵਿਕਾਸ ਵਿੱਚ ਕਿੱਥੇ ਹੈ ਅਤੇ ਉਹ ਉਨ੍ਹਾਂ ਦੀ ਸਿੱਖਿਆ ਵਿੱਚ ਅੱਗੇ ਕਿਧਰ ਜਾ ਸਕਦਾ ਹਨ ਬਾਰੇ ਜਾਣਕਾਰੀ ਦਾ ਇੱਕ ਹੋਰ ਸ੍ਰੋਤ ਹੋ ਸਕਦੇ ਹਨ ।

## FSA ਦੇ ਨਤੀਜੇ ਕਿਵੇਂ ਵਰਤੇ ਜਾਂਦੇ ਹਨ?

FSA ਦੇ ਨਤੀਜੇ ਮਾਤਾ-ਪਿਤਾ, ਦੇਖਭਾਲ ਪ੍ਰਦਾਤਾਵਾ, ਅਧਿਆਪਕਾਂ. ਸਕੂਲਾਂ, ਜ਼ਿਲ੍ਹਿਆਂ, ਅਤੇ ਮੰਤਰਾਲੇ ਨੂੰ ਸੂਝਾਂ ਪ੍ਰਦਾਨ ਕਰਦੇ ਹਨ। ਇਹ ਨਤੀਜੇ ਬੱਚਿਆਂ ਦੀ ਸਾਖਰਤਾ ਨੂੰ ਸੁਧਾਰਨ ਵਿੱਚ ਮਦਦ ਕਰਨ ਵਾਲੇ ਵਿਦਿਆ-ਪ੍ਰਣਾਲ਼ੀ ਦੇ ਸਾਰੇ ਸਤਰਾਂ ਨੂੰ ਮੁੱਲਵਾਨ ਜਾਣਕਾਰੀ ਪ੍ਰਦਾਨ ਕਰਦੇ ਹਨ।

- ਮਾਤਾ-ਪਿਤਾ, ਦੇਖਭਾਲ ਪ੍ਰਦਾਤਾਵਾ, ਅਤੇ ਅਧਿਆਪਕਾਂ ਲਈ ਇਹ ਨਤੀਜੇ ਵਿਖਾ ਸਕਦੇ ਹਨ ਕਿ ਵਿਦਿਆਰਥੀ ਸਾਖਰਤਾ ਅਤੇ ਨੰਬਰ ਵਰਤਣ ਅਤੇ ਸਮਝਣ ਦੀ ਯੋਗਤਾ ਵਿੱਚ ਕਿਵੇਂ ਕਰ ਰਹੇ ਹਨ।
- ਅਧਿਆਪਕ, ਸਕੂਲ ਅਤੇ ਜ਼ਿਲ੍ਹੇ ਕਲਾਸਰੂਮਾਂ ਦੀ ਪੜ੍ਹਾਈ ਵਿੱਚ ਮਦਦ ਕਰਨ ਲਈ ਇਨ੍ਹਾਂ FSA ਨਤੀਜਿਆਂ ਨੂੰ ਵਰਤ ਸਕਦੇ ਹਨ। ਉਹ ਵੇਖ ਸਕਦੇ ਹਨ ਕਿ ਕਿੱਥੇ ਬੱਚੇ ਵਧੀਆ ਕਰ ਰਹੇ ਹਨ ਅਤੇ ਕਿੱਥੇ ਉਨ੍ਹਾਂ ਨੂੰ ਹੋਰ ਮਦਦ ਦੀ ਲੋੜ ਹੋ ਸਕਦੀ ਹੈ।
- ਸਕੂਲ, ਜ਼ਿਲ੍ਹੇ ਅਤੇ ਮੰਤਰਾਲਾ ਵਿਦਿਆ-ਪ੍ਰਣਾਲ਼ੀ ਨੂੰ ਬਿਹਤਰ ਬਣਾਉਣ ਲਈ FSA ਨਤੀਜਿਆਂ ਦੀ ਵਰਤੋਂ ਕਰ ਸਕਦੇ ਹਨ। ਸਾਰੇ ਵਿਦਿਆਰਥੀਆਂ ਦੀ ਸਾਖਰਤਾ ਅਤੇ ਨੰਬਰ ਵਰਤਣ ਅਤੇ ਸਮਝਣ ਦੀ ਯੋਗਤਾ ਦੇ ਹੁਨਰਾਂ ਦੇ ਵਿਕਾਸ ਵਿੱਚ ਮਦਦ ਲਈ ਸਿਖਲਾਈ ਦੇ ਉੱਚ-ਮਿਆਰਾਂ ਨੂੰ ਬਰਕਰਾਰ ਰੱਖਣ ਲਈ ਵੀ ਮੰਤਰਾਲਾ FSA ਨਤੀਜਿਆਂ ਤੇ ਨਿਰਭਰ ਕਰਦਾ ਹੈ।

ਇਹ ਜਾਨਣਾ ਬਹੁਤ ਜ਼ਰੂਰੀ ਹੈ ਕਿ FSA ਨਤੀਜੇ ਵਿਦਿਆਰਥੀਆਂ, ਅਧਿਆਪਕਾਂ, ਸਕੂਲਾਂ ਜਾਂ ਜ਼ਿਲ੍ਹਿਆਂ ਦੀ ਦਰਜਾਬੰਦੀ ਕਰਨ ਲਈ ਨਹੀਂ ਹਨ। ਦਰਜੇਬੰਦੀਆਂ ਸਿੱਖਣ ਵਿੱਚ ਮਦਦ ਨਹੀਂ ਕਰਦੀਆਂ ਅਤੇ ਬੀਸੀ ਦੀ ਵਿੱਦਿਆ-ਪ੍ਰਣਾਲ਼ੀ ਨੂੰ ਬਿਹਤਰ ਨਹੀਂ ਬਣਾਉਂਦੀਆਂ। FSA ਕੇਵਲ ਇੱਕ ਡੇਟਾ ਪੋਆਇੰਟ ਹੈ ਅਤੇ ਇਹ ਸਕੂਲ ਵਿੱਚ ਦਿੱਤੀ ਜਾਣ ਵਾਲ਼ੀ ਸਾਰੀ ਸਿੱਖਿਆ ਅਤੇ ਸਿਖਲਾਈ ਨੂੰ ਨਹੀਂ ਦਰਸਾਉਂਦਾ। ਇਸ ਵਾਸਤੇ ਮੰਤਰਾਲਾ ਕੋਈ ਵੀ ਦਰਜਾਬੰਦੀਆਂ ਨਹੀਂ ਕਰਦਾ, ਉਨ੍ਹਾਂ ਨੂੰ ਸਾਂਝਾ ਨਹੀਂ ਕਰਦਾ, ਜਾਂ ਉਨ੍ਹਾਂ ਦੀ ਹਿਮਾਇਤ ਨਹੀਂ ਕਰਦਾ ਹੈ।

## ਸਾਖਰਤਾ ਅਤੇ ਨੰਬਰ ਵਰਤਣ ਅਤੇ ਸਮਝਣ ਦੀ ਯੋਗਤਾ?

**ਫਾਊਂਡੇਸ਼ਨ ਸਕਿਲਜ਼ ਅਸੈੱਸਮੈਂਟ** — **ਗਰੈਜੂਏਸ਼ਨ ਅਸੈੱਸਮੈਂਟ**

- **ਗ੍ਰੇਡ 4** — ਸਾਖਰਤਾ ਨੰਬਰ ਵਰਤਣ ਅਤੇ ਸਮਝਣ ਦੀ ਯੋਗਤਾ
- **ਗ੍ਰੇਤ 7** — ਸਾਖਰਤਾ ਅਤੇ ਨੰਬਰ ਵਰਤਣ ਅਤੇ ਸਮਝਣ ਦੀ ਯੋਗਤਾ
- **ਗ੍ਰੇਡ 10** — ਸਾਖਰਤਾ ਅਤੇ ਨੰਬਰ ਵਰਤਣ ਅਤੇ ਸਮਝਣ ਦੀ ਯੋਗਤਾ
- **ਗ੍ਰੇਡ 12** — ਸਾਖਰਤਾ

## ਸਾਡੇ ਨਾਲ਼ ਸੰਪਰਕ ਕਰੋ

assessments@gov.bc.ca

Curriculum.gov.bc.ca